# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ, ਐਸ.ਏ.ਐਸ. ਨਗਰ

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ,
ਮੰਡਲ ਸਿੱਖਿਆ ਅਫਸਰ,
ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।

ਮੀਮੋ ਨੰ:10/199-15ਸੇਪ੍ਰ(4)
ਮਿਤੀ: ਐਸ.ਏ.ਐਸ. ਨਗਰ 30-12-2015

ਵਿਸ਼ਾ:- **ਪ੍ਰਾਇਮਰੀ ਸਕੂਲਾਂ ਲਈ ਰੋਜ਼ਾਨਾ ਇੱਕ ਪੀਰੀਅਡ ਖੇਡਾਂ / ਗਤੀਵਿਧੀਆਂ ਨੂੰ ਜਾਰੀ ਕਰਨ ਸਬੰਧੀ ਅਤੇ ਮਹੀਨੇ ਵਿੱਚ ਇੱਕ ਵਾਰ ਵਿਦਿਅਕ, ਖੇਡ ਅਤੇ ਹੋਰ ਗਤੀਵਿਧੀਆਂ ਦੇ ਮੁਕਾਬਲੇ ਕਰਵਾਉਣ ਸਬੰਧੀ।**

ਹਵਾਲਾ:- **ਇਸ ਦਫ਼ਤਰ ਦੇ ਮੀਮੋ ਨੰ: 10/199-15ਸੇਪ੍ਰ(4) ਮਿਤੀ 18-12-2015 ਦੇ ਸਬੰਧ ਵਿੱਚ।**

ਉਕਤ ਵਿਸ਼ੇ ਸਬੰਧੀ ਜਨਵਰੀ ਮਹੀਨੇ ਲਈ ਸਾਰੇ ਵਿਸ਼ਿਆਂ ਦੇ ਟੈਸਟ ਅਤੇ ਮੁਕਾਬਲੇ ਲਈ ਮਿਤੀ 06-01-2016 ਦਿਨ ਬੁੱਧਵਾਰ ਨਿਸ਼ਚਿਤ ਕੀਤੀ ਗਈ ਸੀ। ਪਰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਦੀ ਮਾਨਯੋਗ ਸਿੱਖਿਆ ਮੰਤਰੀ ਜੀ ਵੱਲੋਂ ਮਿਤੀ 06-01-2016 ਨੂੰ ਮੀਟਿੰਗ ਰੱਖੀ ਗਈ ਹੈ। ਇਸ ਲਈ ਹੁਣ ਇਹ ਮੁਕਾਬਲੇ ਮਿਤੀ 08-01-2016 ਨੂੰ ਕਰਵਾਏ ਜਾਣੇ ਹਨ। ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਇਸ ਸਬੰਧ ਵਿੱਚ ਪਹਿਲਾ ਭੇਜੇ ਗਏ ਪੱਤਰ ਦੇ ਆਧਾਰ ਤੇ ਕਾਰਵਾਈ ਕਰਨ ਅਤੇ ਸਾਰੇ ਸਕੂਲਾਂ ਵਿੱਚ ਵੱਖ-2 ਵਿਸ਼ਿਆਂ ਦੇ ਟੈਸਟ ਅਤੇ ਮੁਕਾਬਲੇ ਕਰਵਾਉਣਾ ਯਕੀਨੀ ਬਣਾਉਣ। ਇਸ ਕੰਮ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਰਾਹੀਂ ਸਾਰੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁੱਖੀਆਂ ਦਾ ਸਹਿਯੋਗ ਲਿਆ ਜਾਵੇ।

ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਪ੍ਰਵੇਸ਼ ਕੋਆਰਡੀਨੇਟਰ ਦੇ ਸਹਿਯੋਗ ਨਾਲ ਸਾਰੇ ਵਿਸ਼ਿਆਂ ਦੇ 20-20 ਅੰਕਾਂ ਦੇ ਪਰਚੇ ਤਿਆਰ ਕਰਵਾਉਣ। ਜੇਕਰ ਕਿਸੇ ਕਾਰਨ ਜ਼ਿਲ੍ਹਾ ਪੱਧਰ ਤੇ ਇਹ ਸੰਭਵ ਨਹੀਂ ਤਾਂ ਇਹ ਕਾਰਵਾਈ ਬਲਾਕ / ਕਲਸਟਰ / ਸਕੂਲ ਪੱਧਰ ਤੇ ਕੀਤੀ ਜਾਵੇ। ਸਾਰੇ ਵਿਸ਼ਿਆਂ ਦੇ ਨਤੀਜੇ ਸਕੂਲਾਂ ਤੋਂ ਪ੍ਰਾਪਤ ਕਰਕੇ ਸੂਚਨਾਂ ਹੇਠ ਲਿਖੇ ਪ੍ਰੋਫਾਰਮੇ ਤੇ ਹਰੇਕ ਸਕੂਲ ਤੋਂ ਲਈ ਜਾਵੇ ਅਤੇ ਇਸ ਪ੍ਰੋਫਾਰਮੇ ਤੇ ਹੀ ਸੂਚਨਾਂ ਇਸ ਦਫ਼ਤਰ ਨੂੰ ਭੇਜੀ ਜਾਵੇ। ਇਹ ਸੂਚਨਾਂ ਤੀਜੀ, ਚੌਥੀ ਅਤੇ ਪੰਜਵੀਂ ਕਲਾਸਾਂ ਦੇ ਸਾਰੇ ਵਿਦਿਆਰਥੀਆਂ ਅਤੇ ਸਾਰੇ ਵਿਸ਼ਿਆਂ (ਅੰਗ੍ਰੇਜੀ, ਮੈਥ, ਪੰਜਾਬੀ, ਹਿੰਦੀ ਅਤੇ ਸਾਇੰਸ) ਦੀ ਇੱਕਠੀ ਕਰਕੇ ਇਕ ਸਕੂਲ ਦੀ ਇਕੋ ਹੀ ਕਾਲਮ ਤੇ ਸਕੂਲ ਤੋਂ ਮੰਗਵਾਈ ਜਾਵੇ ਅਤੇ ਇਸੇ ਤਰ੍ਹਾਂ ਹੀ ਇਸ ਦਫਤਰ ਨੂੰ ਭੇਜੀ ਜਾਵੇ।

| ਲੜੀ ਨੰ: | ਸਕੂਲ ਦਾ ਨਾਂ | ਬਲਾਕ ਦਾ ਨਾਂ | ਤੀਜੀ, ਚੌਥੀ ਅਤੇ ਪੰਜਵੀ ਦੇ ਵਿਦਿਆਰਥੀਆਂ ਦੀ ਕੁੱਲ ਗਿਣਤੀ | 20 ਤੋਂ ਘੱਟ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ | 20 ਤੋਂ 40 ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ | 40 ਤੋਂ 60 ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ | 60 ਤੋਂ 80 ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ | 80 ਤੋਂ ਵੱਧ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ |
|---|---|---|---|---|---|---|---|---|

......2

ਔਸਤ ਤੋਂ ਘੱਟ **Performance** ਵਾਲੇ ਸਕੂਲਾ ਦੀ ਜਿਲ੍ਹਾ ਸਿੱਖਿਆ ਅਫਸਰ ਵਿਸੇਸ ਤੌਰ ਤੇ ਕਲਾਸ ਲੈਕੇ ਸੁਧਾਰ ਦੇ ਉਪਰਾਲੇ ਕਰਨਗੇ ਅਤੇ 80% ਤੋਂ ਵੱਧ ਪ੍ਰਫੋਰਮੈਸ ਵਾਲੇ ਸਕੂਲਾ ਨੂੰ ਪ੍ਰਸੰਸਾ ਪੱਤਰ ਦਿੱਤੇ ਜਾਣ ਇਹ ਕਾਰਵਾਈ ਹਰ ਮਹੀਨੇ ਜਾਰੀ ਰੱਖੀ ਜਾਵੇ ਇਸ ਨਾਲ ਪ੍ਰਾਇਮਰੀ ਸਿੱਖਿਆ ਵਿੱਚ ਅੱਛੇ ਸੁਧਾਰ ਦੀ ਸੰਭਾਵਨਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ : ਐਸ.ਏ.ਐਸ. ਨਗਰ

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ :-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰਵੇਸ਼ ਟੀਮਾਂ ਨੂੰ ਸਹਿਯੋਗ ਲਈ ਆਦੇਸ਼ ਦਿੱਤੇ ਜਾਣ ਜੀ।
2. ਡੀ.ਪੀ.ਆਈ. (ਸੈ.ਸਿ.) ਪੰਜਾਬ ਜੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਸਹਿਯੋਗ ਕਰਨ ਦੀ ਹਦਾਇਤ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ।